# ਦੁਹਰਾਈ ਲਈ ਮਹੱਤਵਪੂਰਨ ਪ੍ਰਸ਼ਨ

**ਪ੍ਰਸ਼ਨ: 1. ਪਰਸਨਲ ਮੈਨੇਜਮੈਂਟ ਤੋਂ ਕੀ ਭਾਵ ਹੈ ?**

ਉੱਤਰ: ਇਸ ਤੋ ਭਾਵ ਕਿਸੇ ਸੰਸਥਾ ਦੇ ਕੰਮ ਨੂੰ ਸਹੀ ਢੰਗ ਨਾਲ ਚਲਾਉਣ ਲਈ ਸਟਾਫ਼ ਦੀ ਭਰਤੀ ਕਰਨਾ, ਉਨ੍ਹਾਂ ਤੋ ਕੰਮ ਲੈਣ ਦਾ ਪ੍ਰਬੰਧ ਕਰਨਾ ਹੁੰਦਾ ਹੈ। ਇਹ ਮੈਨਜਮੈਟ ਦਾ ਉਹ ਹਿੱਸਾ ਹੈ ਜੋ ਸੰਸਥਾ ਦੇ ਸਟਾਫ਼ ਨਾਲ ਸਬੰਧਿਤ ਹੁੰਦਾ ਹੈ। ਇਸ ਵਿੱਚ ਮੈਨੇਜਮੈਟ ਕਿਸੇ ਕੰਪਨੀ ਲਈ ਲੋੜੀਂਦੇ ਮਨੁੱਖੀ ਸੋਮੇ ਭਾਵ ਸਟਾਫ਼ ਦੀ ਭਰਤੀ ਕਰਦੀ ਹੈ। ਇਨ੍ਹਾਂ ਸਾਰੇ ਕਰਮਚਾਰੀਆਂ ਦੀ ਯੋਗਤਾ ਦੇ ਅਨੁਸਾਰ ਇਨ੍ਹਾਂ ਨੂੰ ਕੰਮ ਦੀ ਵੰਡ ਕਰਦੀ ਹੈ ਤਾਂ ਜੋ ਹਰੇਕ ਕਰਮਚਾਰੀ ਯੋਗਤਾ ਅਨੁਸਾਰ ਕੰਮ ਕਰਕੇ ਵਧੀਆ ਨਤੀਜੇ ਪੈਦਾ ਕਰ ਸਕੇ।

**ਪ੍ਰਸ਼ਨ: 2. ਲਘੂ ਉਦਯੋਗ ਵਿਕਾਸ ਸੰਗਠਨ ਬਾਰੇ ਲਿਖੋ ?**

ਉੱਤਰ: ਇਹ ਸੰਸਥਾ 1954 ਵਿੱਚ Ford Foundation ਦੀ ਪ੍ਰਵਾਨਗੀ ਨਾਲ ਬਣਾਈ ਗਈ ਸੀ। ਇਸ ਸੰਸਥਾ ਦਾ ਮੁਖੀ ਵਧੀਕ ਸੈਕਟਰੀ ਅਤੇ ਵਿਕਾਸ ਕਮਿਸ਼ਨਰ (ਲਘੂ ਉਦਯੋਗ) ਹੁੰਦਾ ਹੈ। ਇਹ ਕੇਂਦਰੀ ਪੱਧਰ ਦੀ ਅਜਿਹੀ ਸੰਸਥਾ ਹੈ ਜਿਸ ਦਾ ਉਦੇਸ਼ ਦੇਸ਼ ਦੇ ਹਰ ਹਿੱਸੇ ਵਿੱਚ ਲਘੂ ਉਦਯੋਗ ਸਥਾਪਿਤ ਕਰਵਾਉਣਾ ਹੈ। ਇਸ ਲਘੂ ਉਦਯੋਗਾਂ ਦੀ ਪ੍ਰਮੋਸ਼ਨ ਅਤੇ ਵਿਕਾਸ ਲਈ ਪਾਲੀਸੀਆਂ ਦਾ ਨਿਰਮਾਣ ਕਰਨ, ਲਾਗੂ ਕਰਨ, ਮੋਨੀਟਰ ਕਰਨ ਆਦਿ ਦਾ ਕਾਰਜ ਕਰਨ ਵਾਲੀ ਸਰਵਉੱਚ ਸੰਸਥਾ ਹੈ। ਅੱਜ ਦੇ ਸਮੇਂ ਵਿੱਚ SIDO ਆਪਣੇ 27 ਦਫਤਰਾਂ, 31 ਲਘੂ ਉਦਯੋਗ ਸੇਵਾ ਕੇਂਦਰ (Small Industries Service Institutes), 37 Extension Centers, 4 ਉਤਪਾਦਨ ਕੇਂਦਰ (Production Center) ਦੇ ਰਾਹੀਂ ਕਾਰਜ ਕਰ ਰਹੀ ਹੈ।

**SIDO ਦੇ ਕੰਮ :**

1. ਲਘੂ ਉਦਯੋਗਾਂ ਲਈ ਤਕਨੀਕੀ, ਆਰਥਿਕ ਅਤੇ ਪ੍ਰਬੰਧਕੀ ਸਲਾਹ ਦੇਣੀ।
2. ਸਰਕਾਰ ਦੁਆਰਾ ਬਣਾਈਆਂ ਜਾਣ ਵਾਲੀਆਂ ਪਾਲਿਸੀਆਂ (ਲਘੂ ਉਦਯੋਗ ਨਾਲ ਸੰਬੰਧਿਤ) ਲਈ ਸੁਝਾਅ ਦੇਣੇ।
3. ਉਦਮਤਾ ਵਿਕਾਸ ਲਈ ਟ੍ਰੇਨਿੰਗ ਅਤੇ ਟੈਸਟਿੰਗ ਨਤੀਜੇ ਪੇਸ਼ ਕਰਨਾ।
4. ਪ੍ਰਦੂਸ਼ਣ ਅਤੇ ਊਰਜਾ ਸੰਬੰਧੀ ਆਡਿਟ ਕਰਨੇ।
5. ਮਾਲ ਦੇ ਨਿਰਯਾਤ ਕਰਨ ਵਿੱਚ ਸਹਾਇਤਾ ਕਰਨਾ।
6. ਪੇਂਡੂ ਅਤੇ ਵਿਕਾਸ ਸੇਵਾਵਾਂ।

7. ਟੈਸਟਿੰਗ ਕੇਂਦਰ ਬਣਾਉਣੇ।

8. ਨਵੀਆਂ ਤਕਨੀਕਾਂ, ਆਧੁਨਿਕ ਉਦਯੋਗਾਂ, ਕੁਆਲਟੀ ਸੁਧਾਰ ਬਾਰੇ ਜਾਣਕਾਰੀ ਪ੍ਰਦਾਨ ਕਰਨਾ।

**ਪ੍ਰਸ਼ਨ: 3. ਈ—ਬੈਂਕਿੰਗ ਦੇ ਲਾਭ ਲਿਖੋ ?**

ਉੱਤਰ: 1. ਬੈਂਕ ਦੀ ਵੈੱਬਸਾਈਟ ਰਾਹੀਂ ਖਾਤੇ ਦੀ ਵਰਤੋਂ 24 ਘੰਟੇ ਕੀਤੀ ਜਾ ਸਕਦੀ ਹੈ, ਜਦੋਂ ਕਿ ਬੈਂਕ ਸਿਰਫ 8 ਘੰਟਿਆਂ ਲਈ ਖੁੱਲ੍ਹਾ ਰਹਿੰਦਾ ਹੈ।

2. ਬੈਂਕ ਵਿੱਚ ਜਾਣ ਦੀ ਬਜਾਏ ਘਰ ਬੈਠ ਕੇ ਬਿਲ ਭਰ ਦੇਣੇ, ਪੈਸਾ ਟਰਾਂਸਫਰ ਕਰਨਾ ਆਦਿ ਕੰਮਾਂ ਦਾ ਹੋਣਾ ਗ੍ਰਾਹਕ ਅਤੇ ਬੈਂਕ ਦੋਨਾਂ ਦੇ ਸਮੇਂ ਦੀ ਭਾਰੀ ਬਚਤ ਕਰਦਾ ਹੈ।

3. ਗ੍ਰਾਹਕ ਦੇ ਬੈਂਕ ਵਿੱਚ ਘੱਟ ਗੇੜੇ ਲਗਾਉਣ ਕਾਰਨ ਬੈਂਕ ਵਿਚਲੇ ਸੋਮਿਆਂ ਦੀ ਵਰਤੋਂ ਘੱਟਦੀ ਹੈ, ਜੋ ਬੈਂਕ ਲਈ ਲਾਭਦਾਇਕ ਹੈ।

4. ਗ੍ਰਾਹਕ ਜਦੋਂ ਬੈਂਕ ਵਿੱਚ ਜਾਕੇ ਕੰਮ ਕਰਾਉਂਦਾ ਹੈ ਤਾਂ ਬੈਂਕਰ ਕੋਲ ਸਮੇਂ ਦੀ ਘਾਟ ਕਾਰਨ ਗ੍ਰਾਹਕ ਨੂੰ ਪੂਰੀਆਂ ਸਕੀਮਾਂ ਬਾਰੇ ਵਿਸਤਾਰ ਵਿੱਚ ਜਾਣਕਾਰੀ ਜਾਂ ਮੁੱਖ ਨਵੀਂਆਂ ਸਕੀਮਾਂ ਬਾਰੇ ਜਾਣਕਾਰੀ ਨਹੀਂ ਦੇ ਸਕਦਾ, ਜਦੋਂ ਕਿ ਇੰਟਰਨੈੱਟ ਬੈਂਕਿੰਗ ਰਾਹੀਂ ਬੈਂਕਰ ਦੁਆਰਾ ਇਹ ਕੰਮ ਸੰਭਵ ਅਤੇ ਆਸਾਨ ਹੈ।

5. ਇਸ ਰਾਹੀਂ ਗ੍ਰਾਹਕ ਨੂੰ ਬੈਂਕਾਂ ਵਿੱਚ ਲਾਈਨਾਂ ਵਿੱਚ ਲੱਗਕੇ ਸਮਾਂ ਖਰਾਬ ਕਰਨ ਦੀ ਜਰੂਰਤ ਨਹੀਂ।

6. ਇਸ ਰਾਹੀਂ ਗ੍ਰਾਹਕ ਆਪਣੇ ਖਾਤੇ ਦੀ ਜਾਣਕਾਰੀ ਰੋਜਾਨਾ ਆਧਾਰ ਤੇ ਰੱਖ ਸਕਦਾ ਹੈ, ਜਿਸ ਨਾਲ ਗ੍ਰਾਹਕ ਪੈਸੇ ਦੀ ਸਹੀ ਸਮੇਂ ਤੇ ਸਹੀ ਵਰਤੋਂ ਕਰ ਸਕਦਾ ਹੈ।

7. ਇੰਟਰਨੈੱਟ ਬੈਂਕਿੰਗ ਰਾਹੀਂ ਗ੍ਰਾਹਕ ਕਿਸੇ ਵੀ ਸਮੇਂ ਤੇ ਕਿਸੇ ਵੀ ਸਥਾਨ ਤੇ ਬੈਠ ਕੇ, ਇੱਥੋਂ ਤੱਕ ਕਿ ਦੇਸ਼ ਤੋਂ ਬਾਹਰ ਵਿਦੇਸ਼ਾਂ ਵਿੱਚ ਵੀ ਆਪਣੇ ਖਾਤੇ ਵਿੱਚ ਲੈਣ-ਦੇਣ ਜਾਂ ਕੋਈ ਹੋਰ ਕਿਰਿਆ ਕਰ ਸਕਦਾ ਹੈ।

8. ਇੰਟਰਨੈੱਟ ਬੈਂਕਿੰਗ ਰਾਹੀਂ ਲੈਣ-ਦੇਣ ਬਹੁਤ ਤੇਜ ਗਤੀ ਨਾਲ ਹੁੰਦਾ ਹੈ।

9. ਇਸ ਰਾਹੀਂ ਗ੍ਰਾਹਕ ਹਰ ਸਮੇਂ ਤੇ ਆਪਣੇ ਖਾਤੇ ਉੱਪਰ ਨਜ਼ਰ ਰੱਖ ਸਕਦਾ ਹੈ ਜਿਸ ਕਾਰਨ ਧੋਖੇ ਦੇ ਮੌਕੇ ਬਹੁਤ ਘਟ ਜਾਂਦੇ ਹਨ।

**ਪ੍ਰਸ਼ਨ: 4. ਬਜ਼ਟ ਤੋਂ ਕੀ ਭਾਵ ਹੈ ?**

ਉੱਤਰ: ਕਿਸੇ ਕੰਪਨੀ ਵਿੱਚ ਭਵਿੱਖ ਦੀਆਂ ਵਿੱਤੀ ਯੋਜਨਾਵਾਂ ਬਣਾਉਣ ਦੀ ਕਿਰਿਆ ਨੂੰ Budgeting ਕਹਿੰਦੇ ਹਨ ਅਤੇ ਭਵਿੱਖ ਲਈ ਤਿਆਰ ਕੀਤੀ ਗਏ ਵਿੱਤੀ ਯੋਜਨਾ ਨੂੰ Budget ਕਹਿੰਦੇ ਹਨ। ਆਮ

ਸ਼ਬਦਾਂ ਵਿੱਚ ਭਵਿੱਖ ਵਿੱਚ ਕਿਸੇ ਨਿਸ਼ਚਿਤ ਪੀਰੀਅਡ ਦੇ ਦੌਰਾਨ ਹੋਣ ਵਾਲੇ ਅਨੁਮਾਨਿਤ ਖਰਚੇ ਅਤੇ ਅਨੁਮਾਨਿਤ ਆਮਦਨ ਦਾ ਰਿਪੋਰਟ ਰੂਪੀ ਰਿਕਾਰਡ ਹੁੰਦਾ ਹੈ। ਬਜਟ ਕਿਸੇ ਖ਼ਾਸ ਸਮੇਂ ਦੇ ਦੌਰਾਨ ਕੀਤੀਆਂ ਜਾਣ ਵਾਲੀਆਂ ਵਿੱਤੀ ਕਿਰਿਆਵਾਂ ਦੀ ਯੋਜਨਾ ਹੈ। ਇਸ ਰਾਹੀਂ ਇਹ ਯੋਜਨਾ ਬਣਾਈ ਜਾਂਦੀ ਹੈ ਕਿ ਕਿਹੜੇ- ਕਿਹੜੇ ਸੋਮਿਆਂ ਤੋਂ ਪੈਸਾ ਆਉਣਾ ਹੈ ਅਤੇ ਕਿੱਥੇ ਕਿੱਥੇ ਖ਼ਰਚ ਹੋਣਾ ਹੈ। ਹਰੇਕ ਕੰਪਨੀ ਲਗਭਗ ਹਰੇਕ ਕੰਮ ਲਈ ਪਹਿਲਾਂ ਬਜਟ ਤਹਿ ਕਰਦੀ ਹੈ, ਉਦਾਹਰਣ ਵਜੋਂ ਜੇ ਕੰਪਨੀ ਆਪਣੇ ਪ੍ਰੋਡਕਟ ਦੀ ਇਸ਼ਤਿਹਾਰਬਾਜ਼ੀ ਦੇਣਾ ਚਾਹੁੰਦੀ ਹੈ ਤਾਂ ਪਹਿਲਾ ਅਕਾਂਉਟ ਮੈਨੇਜਰ ਇਸ ਕਿਰਿਆ ਉੱਪਰ ਕੀਤੇ ਜਾਣ ਵਾਲੇ ਖ਼ਰਚ ਦਾ ਬਜ਼ਟ ਬਣਾਏਗਾ ਜਿਸ ਵਿੱਚ ਉਹ ਇਸ ਕੀਤੇ ਜਾਣ ਵਾਲੇ ਖ਼ਰਚ ਤੇ ਹੋਣ ਵਾਲੇ ਲਾਭ ਬਾਰੇ ਵੀ ਯੋਜਨਾਬੰਦੀ ਕਰੇਗਾ।

**ਪ੍ਰਸ਼ਨ: 5. ਜੀ.ਐੱਸ.ਟੀ. ਬਾਰੇ ਸੰਖੇਪ ਨੋਟ ਲਿਖੋ ?**

ਉੱਤਰ: ਜੀ.ਐੱਸ. ਟੀ. ਦਾ ਪੂਰਾ ਨਾਮ ਗੁਡਜ਼ ਐਂਡ ਸਰਵਿਸ ਟੈਕਸ ਹੈ ਭਾਵ GST = Goods and Service Tax ਇਹ ਅਜਿਹੀ ਵਿੱਤੀ ਟੈਕਸ ਸਕੀਮ ਹੈ, ਜਿਸਦੀ ਸ਼ੁਰੂਆਤ 1 ਜੁਲਾਈ 2017 ਨੂੰ ਕੀਤੀ ਗਈ। ਇਹ ਅਜਿਹਾ ਅਸਿੱਧਾ (Indirect) ਮੁੱਲ ਜੋੜਿਆ ਟੈਕਸ (Value Added Tax) ਹੈ ਜੋ ਕਿ ਘਰੇਲੂ ਖਪਤ ਵਾਲੀਆਂ ਜਿਆਦਾਤਰ ਵਸਤੂਆਂ ਅਤੇ ਸੇਵਾਵਾਂ ਉੱਪਰ ਲਗਾਇਆ ਗਿਆ ਹੈ। ਜੀ.ਐੱਸ.ਟੀ ਨੇ ਭਾਰਤ ਵਿੱਚ ਪੂਰਵ ਚੱਲ ਰਹੇ ਕਈ ਕਿਸਮ ਦੇ ਅਸਿੱਧੇ ਟੈਕਸਾਂ ਨੂੰ ਤਬਦੀਲ ਕਰ ਦਿੱਤਾ ਹੈ। ਆਮ ਸ਼ਬਦਾਂ ਵਿੱਚ ਗ੍ਰਾਹਕ ਦੁਆਰਾ ਹਰੇਕ ਵਸਤੂ ਉੱਪਰ ਨਿਰਧਾਰਿਤ ਜੀ.ਐੱਸ.ਟੀ ਮੁੱਲ ਦੁਕਾਨਦਾਰ ਨੂੰ ਅਦਾ ਕੀਤਾ ਜਾਂਦਾ ਹੈ। ਜੀ.ਐੱਸ.ਟੀ ਦੁਆਰਾ ਕਈ ਤਰ੍ਹਾਂ ਦੇ ਅਸਿੱਧੇ ਟੈਕਸ ਜਿਵੇਂ VAT, CST, Central Excise Duty, Service Tax ਆਦਿ ਦੀ ਜਗ੍ਹਾ ਲੈ ਲਈ ਗਈ ਹੈ। ਇਹ ਟੈਕਸ ਵਸਤੂ ਦੀ ਖਪਤ ਦੇ ਸਥਾਨ ਤੋਂ ਇਕੱਠਾ ਕੀਤਾ ਜਾਂਦਾ ਹੈ ਨਾ ਕਿ ਵਸਤੂ ਦੀ ਹੋਂਦ ਦੇ ਸਥਾਨ ਤੋਂ।

**ਪ੍ਰਸ਼ਨ: 6. ਪ੍ਰੋਜੈਕਟ ਰਿਪੋਰਟ ਤੋਂ ਕੀ ਭਾਵ ਹੈ ? ਇਸਨੂੰ ਬਣਾਉਣ ਦੇ ਲਾਭ ਲਿਖੋ ?**

ਉੱਤਰ: ਇਹ ਕਿਸੇ ਵਪਾਰ ਦੀ ਸ਼ੁਰੂਆਤ ਸਮੇਂ ਇਸ ਵਪਾਰ ਵਿੱਚ ਹੋਣ ਵਾਲੇ ਸਾਰੇ ਕੰਮਾਂ ਦੀ ਯੋਜਨਾ ਦਾ ਕ੍ਰਮਬੱਧ ਰਿਕਾਰਡ ਹੁੰਦਾ ਹੈ। ਇਸ ਵਿੱਚ ਵਪਾਰ ਨਾਲ ਸਬੰਧਿੰਤ ਸਾਰੇ ਕੰਮਾਂ ਦਾ ਵਿਸਤਾਰ ਨਾਲ ਦ੍ਰਿਸ਼ ਪੇਸ਼ ਕੀਤਾ ਹੁੰਦਾ ਹੈ। ਇਸ ਵਿੱਚ ਮੁੱਖ ਰੂਪ ਵਿੱਚ ਵਪਾਰ ਨਾਲ ਸੰਬੰਧਿਤ ਆਰਥਿਕ ਪੱਖ, ਤਕਨੀਕੀ ਪੱਕ, ਵਿੱਤੀ ਪੱਖ, ਪ੍ਰਬੰਧਕੀ ਪੱਖ ਅਤੇ ਉਤਪਾਦਨ ਦੇ ਪੱਖਾਂ ਬਾਰੇ ਸਾਰੀ ਸੂਚਨਾ ਲਿਖਤੀ ਰੂਪ ਵਿੱਚ ਦਰਜ ਹੁੰਦੀ ਹੈ। ਪ੍ਰੋਜਕਟ ਰਿਪੋਰਟ ਸਿਰਫ਼ ਵਪਾਰ ਲਈ ਹੀ ਨਹੀਂ ਬਲਕਿ ਹਰ ਖੇਤਰ ਜਿਵੇਂ ਸਿੱਖਿਆ, ਇੰਜੀਨਅਰਿੰਗ ਆਦਿ ਵਿੱਚ ਵੀ ਲਿਖੀ ਜਾਂਦੀ ਹੈ। ਪ੍ਰੋਜੈਕਟ ਰਿਪੋਰਟ ਵਿੱਚ ਕਿਸੇ ਸ਼ੁਰੂ ਕੀਤੇ ਜਾ ਰਹੇ ਵਪਾਰ ਜਾਂ ਉਦਯੋਗ

ਦੇ ਉਦੇਸ਼ ਦੀ ਵਿਆਖਿਆ ਕੀਤੀ ਹੁੰਦੀ ਹੈ ਅਤੇ ਉਸ ਉਦੇਸ਼ ਦੀ ਪੂਰਤੀ ਲਈ ਜੋ ਕਦਮ ਚੁੱਕਣੇ ਪੈਣੇ ਹਨ, ਦੇ ਬਾਰੇ ਵਿਸਤਾਰ ਵਿੱਚ ਲਿਖਿਆ ਹੁੰਦਾ ਹੈ। ਉਸ ਉਦੇਸ਼ ਦੀ ਪੂਰਤੀ ਲਈ ਅਨੁਮਾਨਿਤ ਖਰਚ ਵੀ ਲਿਖਿਆ ਹੁੰਦਾ ਹੈ ਅਤੇ ਕ੍ਰਮਬੱਧ ਯੋਜਨਾ ਵੀ ਬਣਾਈ ਹੁੰਦੀ ਹੈ। ਉੱਦਮੀਂ ਜੇਕਰ ਕਿਸੇ ਵਪਾਰ ਨੂੰ ਸ਼ੁਰੂ ਕਰਨ ਲਈ ਕਿਸੇ ਸੰਸਥਾ ਤੋਂ ਵਿੱਤੀ ਸਹਾਇਤਾ ਜਾਂ ਲੋਨ ਲੈਣਾ ਚਾਹੁੰਦਾ ਹੈ ਤਾਂ ਬੈਂਕ ਨੂੰ ਉੱਦਮੀਂ ਵੱਲੋ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਾਉਣੀ ਪੈਂਦੀ ਹੈ ਕਿਉਂਕਿ ਬੈਂਕ ਸਿਰਫ਼ ਪ੍ਰੋਜੈਕਟ ਰਿਪੋਰਟ ਦੇ ਅਧਾਰ ਤੇ ਹੀ ਸਾਰੇ ਪ੍ਰੋਜੈਕਟ ਦੀ ਜਾਣਕਾਰੀ ਹਾਸਿਲ ਕਰ ਸਕਦਾ ਹੈ।

**ਪ੍ਰਸ਼ਨः 7. ਉੱਦਮੀ ਤੋਂ ਕੀ ਭਾਵ ਹੈ ?**

ਉੱਤਰः ਉਦਯੋਗਾਂ ਨੂੰ ਸ਼ੁਰੂ ਕਰਨ ਵਾਲੇ ਵਿਅਕਤੀ ਨੂੰ ਉੱਦਮੀ ਕਿਹਾ ਜਾਂਦਾ ਹੈ ਅਤੇ ਉੱਦਮੀ ਉਦਯੋਗ ਦੀ ਸ਼ੁਰੂਆਤ ਲਈ ਕਈ ਕਾਰਜ ਜਿਵੇਂ ਪੂੰਜੀ ਦਾ ਪ੍ਰਬੰਧ ਅਤੇ ਨਿਵੇਸ਼ ਕਰਨਾ, ਪ੍ਰੋਡਕਟ ਦਾ ਫੈਸਲਾ ਲੈਣਾ, ਮਸ਼ੀਨਰੀ ਜਾਂ ਜਗ੍ਹਾ ਦਾ ਪ੍ਰਬੰਧ ਕਰਨਾ, ਕਰਮਚਾਰੀਆਂ ਦੀ ਭਰਤੀ ਕਰਨਾ ਆਦਿ ਕਰਦਾ ਹੈ।

**ਪ੍ਰਸ਼ਨः 8. ਪੰਜਾਬ ਰਾਜ ਵਿੱਤ ਕਾਰਪੋਰੇਸ਼ਨ ਦੇ ਕੰਮ ਲਿਖੋ ?**

ਉੱਤਰः ਪੰਜਾਬ ਵਿੱਤ ਕਾਪੋਰੇਸ਼ਨ ਵੀ ਇੱਕ ਵਿੱਤੀ ਸੰਸਥਾ ਹੈ ਜਿਸਦਾ ਕਾਰਜ ਨਵੀਂਆਂ ਉਦਯੋਗਿਕ ਇਕਾਈਆਂ ਦੀ ਸਥਾਪਨਾ ਲਈ ਲੋਨ ਦੀ ਸੁਵਿਧਾ ਪ੍ਰਦਾਨ ਕਰਨਾ ਹੈ। ਇਸ ਤੋਂ ਇਲਾਵਾ ਪੂਰਵ ਹੀ ਸਥਾਪਿਤ ਉਦਯੋਗਿਕ ਇਕਾਈਆਂ ਦੇ ਆਧੁਨਿਕੀਕਰਨ, ਵਿਸਤਾਰ ਅਤੇ ਵਿਕਾਸ ਲਈ ਵੀ ਲੋਨ ਦੀ ਸੁਵਿਧਾ ਪ੍ਰਦਾਨ ਕਰਨਾ ਹੈ। ਇਸ ਦਾ ਮੁੱਖ ਉਦੇਸ਼ ਲਘੂ ਅਤੇ ਮੱਧ ਉਦਯੋਗਾਂ ਨੂੰ ਲੰਬੇ ਸਮੇਂ ਦੇ ਕਰਜੇ ਪ੍ਰਦਾਨ ਕਰਨਾ ਹੈ ਤਾਂ ਜੋ ਉਦਯੋਗ ਵਿੱਚ ਵਾਧਾ ਹੋ ਸਕੇ। ਇਹ ਲੋਨ ਜਿਆਦਾਤਰ ਸਥਾਈ ਪੂੰਜੀ ਬਣਾਉਣ ਲਈ ਜਿਵੇਂ ਜਗ੍ਹਾ ਲੈਣ ਲਈ, ਮਸ਼ੀਨਰੀ ਖਰੀਦਣ ਲਈ, ਬਿਲਡਿੰਗ ਬਣਾਉਣ ਲਈ ਆਦਿ ਕੰਮਾਂ ਲਈ ਦਿੱਤਾ ਜਾਂਦਾ ਹੈ।

**ਪ੍ਰਸ਼ਨः 9. ਟ੍ਰੇਨਿੰਗ ਤੋਂ ਕੀ ਭਾਵ ਹੈ ?**

ਉੱਤਰः ਕਰਮਚਾਰੀਆਂ ਦੀ ਟ੍ਰੇਨਿੰਗ ਤੋਂ ਭਾਵ ਉਨ੍ਹਾਂ ਨੂੰ ਪ੍ਰੋਡਕਟ ਸੰਬੰਧਿਤ, ਕੰਪਨੀ ਨਾਲ ਸਬੰਧਿਤ, ਉਤਪਾਦਨ ਨਾਲ ਸੰਬੰਧਿਤ ਜਾਂ ਹੋਰ ਉਦਯੋਗ ਪੱਖੀ ਪ੍ਰਕਿਰਿਆਵਾਂ ਨਾਲ ਸਬੰਧਿਤ ਜਾਣਕਾਰੀ ਪ੍ਰਦਾਨ ਕਰਨਾ ਹੁੰਦਾ ਹੈ। ਇਹ ਹਰ ਇਕ ਕਰਮਚਾਰੀ ਲਈ ਜਰੂਰੀ ਪੜਾਅ ਹੈ। ਆਮ ਤੌਰ ਤੇ ਵੱਡੀ ਗਿਣਤੀ ਵਿੱਚ ਕਰਮਚਾਰੀ ਪਹਿਲੀ ਵਾਰ ਨਵੀਂ ਨੌਕਰੀ ਵਿੱਚ ਆਏ ਹੋਣ ਕਾਰਨ ਉਨ੍ਹਾਂ ਨੂੰ ਕੰਪਨੀ ਦੇ ਮਾਹੌਲ ਜਾਂ ਨੌਕਰੀ ਲਈ ਜਰੂਰੀ ਤੱਤਾਂ ਬਾਰੇ ਕਿਸੇ ਕਿਸਮ ਦਾ ਕੋਈ ਪੂਰਵ ਗਿਆਨ ਨਹੀਂ ਹੁੰਦਾ ਹੈ, ਜਿਸ ਲਈ ਉਨ੍ਹਾਂ ਨੂੰ

ਅਜਿਹਾ ਗਿਆਨ ਪ੍ਰਦਾਨ ਕਰਨ ਲਈ ਟ੍ਰੇਨਿੰਗ ਅਹਿਮ ਰੋਲ ਅਦਾ ਕਰਦੀ ਹੈ। ਇਸਦੇ ਨਾਲ ਹੀ ਕੰਪਨੀ ਵਿੱਚ ਨੌਕਰੀ ਕਰ ਰਹੇ ਕਰਮਚਾਰੀਆਂ ਨੂੰ ਵੀ ਕੰਪਨੀ ਦੇ ਬਦਲੇ ਉਦੇਸ਼ਾਂ, ਪ੍ਰੋਡਕਟ ਉਤਪਾਦਨ ਤਰੀਕਿਆਂ, ਬਦਲੀ ਮਸ਼ੀਨਰੀ ਆਦਿ ਬਾਰੇ ਗਿਆਨ ਪ੍ਰਦਾਨ ਕਰਨ ਲਈ ਵੀ ਟ੍ਰੇਨਿੰਗ ਦੀ ਜਰੂਰਤ ਪੈਂਦੀ ਹੈ। ਚੰਗੀ ਟ੍ਰੇਨਿੰਗ ਚੰਗੇ ਨਤੀਜੇ ਪ੍ਰਾਪਤ ਕਰਨ ਵਿੱਚ ਸਹਾਈ ਹੁੰਦੀ ਹੈ।

**ਪ੍ਰਸ਼ਨ: 10. ਇੰਟਰਵਿਊ ਬਾਰੇ ਸੰਖੇਪ ਨੋਟ ਲਿਖੋ ?**

ਉੱਤਰ: ਇਹ ਇਕ ਅਜਿਹੀ ਕਿਰਿਆ ਹੈ, ਜਿਸ ਵਿੱਚ ਨੌਕਰੀ ਲਈ ਅਪਲਾਈ ਕਰਤਾ ਉਮੀਦਵਾਰ ਭਾਵ ਇੰਟਰਵਿਊ ਦੇਣ ਵਾਲਾ (Interviewee) ਕੋਲੋਂ ਇੰਟਰਵਿਊ ਲੈਣ ਵਾਲਾ (Interviewer) ਦੁਆਰਾ ਆਹਮੋ ਸਾਹਮਣੇ ਬੈਠਕੇ ਅੰਤਰਕਿਰਿਆ ਦੇ ਦੌਰਾਨ ਭਾਂਤ-ਭਾਂਤ ਦੇ ਪ੍ਰਸ਼ਨ  ਦੁਆਰਾ ਪੁੱਛੇ ਜਾਂਦੇ ਹਨ ਅਤੇ ਇਨ੍ਹਾਂ ਪ੍ਰਸ਼ਨਾਂ ਦੇ ਦਿੱਤੇ ਉੱਤਰਾਂ ਦੇ ਅਧਾਰ ਤੇ ਉਮੀਦਵਾਰ ਦੀ ਯੋਗਤਾ ਦਾ ਮੁਲਾਂਕਣ ਕੀਤਾ ਜਾਂਦਾ ਹੈ। ਪ੍ਰਸ਼ਨਾਂ ਦੇ ਸਹੀ ਉੱਤਰ ਉਮੀਦਵਾਰ ਨੂੰ ਯੋਗ ਕਰਮਚਾਰੀ ਸਾਬਿਤ ਕਰਦੇ ਹਨ। ਇਸ ਕਿਰਿਆ ਵਿੱਚ ਉਦਮੀ ਇਹ ਚੈੱਕ ਕਰਦਾ ਹੈ ਕਿ ਕੀ ਜੋ ਉਮੀਦਵਾਰ ਇੰਟਰਵਿਉ ਦੇ ਰਿਹਾ ਹੈ, ਉਹ ਕੰਮ ਦੇ ਯੋਗ ਹੈ ਜਾਂ ਨਹੀ। ਇਹ ਇੱਕ ਅਜਿਹੀ ਰਸਮੀ ਰੂਪ ਵਿੱਚ ਆਯੋਜਿਤ ਕੀਤੀ ਜਾਣ ਵਾਲੀ ਪ੍ਰਕਿਰਿਆ ਹੁੰਦੀ ਹੈ ਜਿਸ ਵਿੱਚ ਇੰਟਰਵਿਊ ਲੈਣ ਵਾਲਾ ਉੱਦਿਵਾਰ ਕੋਲੋਂ ਪ੍ਰਸ਼ਨ ਪੁੱਛ ਕੇ ਉਸਦੇ ਗਿਆਨ, ਯੋਗਤਾਵਾਂ, ਰੁਚੀਆਂ, ਵਿਸ਼ੇਸ਼ਤਾਵਾਂ, ਵਤੀਰੇ ਆਦਿ ਦੇ ਸੰਬੰਧ ਵਿੱਚ ਜਾਣਕਾਰੀ ਇਕੱਠੀ ਕਰਦਾ ਹੈ।

**ਪ੍ਰਸ਼ਨ: 11. ਉਦਯੋਗ ਤੋਂ ਕੀ ਭਾਵ ਹੈ ? ਉਦਯੋਗ ਦੀਆਂ ਕਿਸਮਾਂ ਲਿਖੋ ?**

ਉੱਤਰ: ਉਦਯੋਗ ਇੱਕ ਅਜਿਹੀ ਇਕਾਈ ਹੁੰਦੀ ਹੈ, ਜਿੱਥੇ ਕਿਸੇ ਨਾ ਕਿਸੇ ਪ੍ਰੋਡਕਟ ਦੀ ਪੈਦਾਵਾਰ ਹੁੰਦੀ ਹੈ ਜਾਂ ਕਿਸੇ ਕਿਸਮ ਦੀ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ। ਇਹ ਕਿਸੇ ਉਦਯੋਗ ਦੀ ਪੈਦਾਵਾਰ ਇਕਾਈ ਹੁੰਦੀ ਹੈ। ਆਮ ਤੌਰ ਤੇ ਉਦਯੋਗ ਵਿੱਚ ਮੁੱਲ ਵਿਕਣ ਯੋਗ ਪਦਾਰਥਾਂ ਦੀ ਪੈਦਾਵਾਰ ਹੁੰਦੀ ਹੈ, ਜੋ ਬਾਅਦ ਵਿੱਚ ਸੰਬੰਧਿਤ ਪ੍ਰੋਡਕਟ ਦੇ ਬਜ਼ਾਰ ਵਿੱਚ ਵੇਚੇ ਜਾਂਦੇ ਹਨ।

**ਪ੍ਰਸ਼ਨ: 12. ਸੰਚਾਰ ਤੋਂ ਕੀ ਭਾਵ ਹੈ ?**

ਉੱਤਰ: ਕਿਸੇ ਸੂਚਨਾ ਦਾ ਇੱਕ ਵਿਅਕਤੀ ਤੋਂ ਕਿਸੇ ਹੋਰ ਤੱਕ ਸਥਾਨਾਂਤਰਿਤ ਹੋਣ ਦੀ ਪ੍ਰਕਿਰਿਆ ਨੂੰ ਸੰਚਾਰ ਕਿਹਾ ਜਾਂਦਾ ਹੈ। ਇਸ ਪ੍ਰਕਿਰਿਆ ਵਿੱਚ ਮਨੁੱਖ ਆਪਸ ਵਿੱਚ ਕਿਸੇ ਸੂਚਨਾ ਨੂੰ ਸ਼ੇਅਰ ਕਰਦੇ ਹਨ। ਅਸਲ ਵਿੱਚ ਕੰਮਿਊਨੀਕੇਸ਼ਨ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਵਿਚ ਸਪੀਚ, ਲਿਖਤੀ, ਜੁਬਾਨੀ ਜਾਂ ਸੰਕੇਤਾਂ ਆਦਿ ਮਾਧਿਅਮਾਂ ਰਾਹੀਂ ਸੂਚਨਾ, ਵਿਚਾਰ, ਭਾਵਨਾਵਾਂ, ਸੋਚ ਆਦਿ ਦਾ ਆਦਾਨ ਪ੍ਰਦਾਨ ਕੀਤਾ ਜਾਂਦੀ ਹੈ। ਉਦਾਹਰਣ ਵਜੋਂ ਜਦੋਂ ਇੱਕ ਵਿਅਕਤੀ ਕਿਸੇ ਦੂਸਰੇ ਨੂੰ ਕੋਈ ਵੀ ਜਾਣਕਾਰੀ ਦਿੰਦਾ ਹੈ ਤਦ

ਉਹ ਕੋਈ ਸੂਚਨਾ ਦੂਜੇ ਤੱਕ ਭੇਜ ਰਿਹਾ ਹੈ ਅਤੇ ਦੂਜੇ ਵਿਅਕਤੀ ਵੱਲੋਂ ਪ੍ਰਤੀਪੁਸ਼ਟੀ ਉਸ ਦੁਆਰਾ ਪ੍ਰਾਪਤ ਸੂਚਨਾ ਦੀ ਤਬਦੀਲੀ ਦੀ ਸਫਲਤਾ ਨੂੰ ਪ੍ਰਦਰਸ਼ਿਤ ਕਰਦੀ ਹੈ।

ਕੰਮਿਊਨੀਕੇਸ਼ਨ (Communication) ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ communis ਤੋਂ ਬਣਿਆ ਹੈ ਜਿਸਦਾ ਅਰਥ ਹੈ Common ਭਾਵ ਸਾਂਝਾ। ਇਸ ਲਈ ਕੰਮਿਊਨੀਕੇਸ਼ਨ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਰਾਹੀਂ ਵਿਅਕਤੀ ਜਾਂ ਸੰਸਥਾਵਾਂ ਆਪਸ ਵਿੱਚ ਵਿਚਾਰ, ਸੋਚ ਆਦਿ ਦੀ ਅਦਲਾ ਬਦਲੀ ਕਰਦੇ ਹਨ।

**ਪ੍ਰਸ਼ਨ: 13. ਸਟੇਟ ਬੈਂਕ ਆਫ ਇੰਡੀਆ ਬਾਰੇ ਸੰਖੇਪ ਨੋਟ ਲਿਖੋ ?**

**ਉੱਤਰ**: ਭਾਰਤੀ ਸਟੇਟ ਬੈਂਕ ਇੱਕ ਮਲਟੀ ਨੈਸ਼ਨਲ ਅਤੇ ਪਬਲਿਕ ਸੈਕਟਰ ਬੈਂਕ ਹੈ ਜਿਸਦਾ ਹੈੱਡਕੁਆਰਟਰ ਮੁੰਬਈ ਵਿਖੇ ਹੈ। ਇਹ ਬੈਂਕ 1806 ਵਿੱਚ ਬੈਂਕ ਆਫ ਕਲਕੱਤਾ ਦੇ ਰੂਪ ਵਿੱਚ ਉਤਪੰਨ ਹੋਇਆ ਸੀ। ਇਸ ਤੋਂ ਬਾਅਦ ਇਸ ਬੈਂਕ ਦਾ ਨਾਮ ਤਿੰਨ ਸਾਲ ਬਾਅਦ ਚਾਰਟਰ ਜਾਰੀ ਹੋਣ ਤੇ ਬੈਂਕ ਆਫ ਬੰਗਾਲ ਪੈ ਗਿਆ। ਉਸ ਸਮੇਂ ਬੈਂਕ ਆਫ ਮਦਰਾਸ, ਬੈਂਕ ਆਫ ਬੰਬਈ ਅਤੇ ਬੈਂਕ ਆਫ ਬੰਗਾਲ ਤਿੰਨਾਂ ਨੂੰ ਪ੍ਰੈਜ਼ੀਡੈਂਸੀ ਬੈਂਕ ਮੰਨਿਆ ਜਾਂਦਾ ਸੀ। ਫਿਰ 1921 ਵਿੱਚ ਇਹਨਾਂ ਤਿੰਨੋਂ ਬੈਂਕਾਂ ਨੂੰ ਮਿਲਾ ਕੇ ਇੰਪੀਰੀਅਲ ਬੈਂਕ ਆਫ ਇੰਡੀਆ ਬਣਾ ਦਿੱਤਾ ਗਿਆ। ਇੰਪੀਰੀਅਲ ਬੈਂਕ ਆਫ ਇੰਡੀਆ ਦੇਸ਼ ਦੀ ਸਭ ਤੋਂ ਵੱਡੀ ਵਪਾਰਿਕ ਸੰਸਥਾ ਬਣ ਗਈ। ਇਸ ਤੋਂ ਬਾਅਦ 1955 ਵਿੱਚ ਭਾਰਤ ਸਰਕਾਰ ਅਤੇ ਭਾਰਤ ਦੇ ਕੇਂਦਰੀ ਬੈਂਕ ਰਿਜ਼ਰਵ ਬੈਂਕ ਆਫ ਇੰਡੀਆ ਦੁਆਰਾ ਇੰਪੀਰੀਅਲ ਬੈਂਕ ਆਫ ਇੰਡੀਆ ਦਾ ਨਾਮ ਸਟੇਟ ਬੈਂਕ ਆਫ ਇੰਡੀਆ ਰੱਖ ਦਿੱਤਾ।

**ਪ੍ਰਸ਼ਨ: 14. ਈਮੇਲ ਬਾਰੇ ਸੰਖੇਪ ਨੋਟ ਲਿਖੋ ?**

**ਉੱਤਰ**: ਇਸ ਕਿਸਮ ਦੇ ਕੰਮਿਊਨੀਕੇਸ਼ਨ ਮਾਧਿਅਮ ਵਿੱਚ ਕਿਸੇ ਵੀ ਇੱਕ ਵਿਅਕਤੀ ਦੁਆਰਾ ਇੱਕ ਜਾਂ ਇੱਕ ਤੋਂ ਜਿਆਦਾ ਵਿਅਕਤੀਆਂ ਨੂੰ ਈਮੇਲ ਦੇ ਮਾਧਿਅਮ ਰਾਹੀਂ ਕੋਈ ਸੰਦੇਸ਼ ਭੇਜਿਆ ਜਾਂਦਾ ਹੈ। ਇਸ ਵਿੱਚ ਭੇਜਣ ਵਾਲੇ ਵਿਅਕਤੀ ਦਾ ਆਪਣਾ ਈ—ਮੇਲ ਅਡਰੈੱਸ ਹੁੰਦਾ ਹੈ ਅਤੇ ਉਹ ਜਿਸ ਵਿਅਕਤੀ ਨੂੰ ਸੰਦੇਸ਼ ਭੇਜਣਾ ਚਾਹੁੰਦਾ ਹੈ ਉਸਦਾ ਈ—ਮੇਲ ਅਡਰੈੱਸ ਭਰਕੇ ਸੰਦੇਸ਼ ਭੇਜਦਾ ਹੈ, ਅਤੇ ਜਿਸਦਾ ਅਡਰੈੱਸ ਪਤਾ ਹੋਵੇ ਸਿਰਫ ਉਸੇ ਨੂੰ ਸੰਦੇਸ਼ ਭੇਜਿਆ ਜਾ ਸਕਦਾ ਹੈ।

**ਪ੍ਰਸ਼ਨ: 15. ਏ.ਟੀ.ਐੱਮ. ਬਾਰੇ ਸੰਖੇਪ ਨੋਟ ਲਿਖੋ ?**

**ਉੱਤਰ**: ਏ.ਟੀ.ਐੱਮ ਦਾ ਪੂਰਾ ਨਾਮ ਆਟੋਮੈਟਿਕ ਟੈਲਰ ਮਸ਼ੀਨ (Automatic Teller Machine) ਹੈ। ਏ.ਟੀ.ਐਮ ਕਾਰਡ ਅਜਿਹੇ ਪੇਮੈਂਟ ਕਾਰਡ ਹੁੰਦੇ ਹਨ, ਜਿਨ੍ਹਾਂ ਦੀ ਮਦਦ ਨਾਲ ਕੋਈ ਵੀ ਖਾਤਾਧਾਰਕ ਆਪਣੇ ਏ.ਟੀ.ਐੱਮ ਕਾਰਡ ਦੀ ਵਰਤੋਂ ਨਾਲ ਏ.ਟੀ.ਐੱਮ ਮਸ਼ੀਨ ਵਿੱਚੋਂ ਆਪਣੇ ਖਾਤੇ ਵਿੱਚੋਂ ਪੈਸੇ ਕਢਵਾ ਸਕਦਾ ਹੈ ਅਤੇ ਉਸਨੂੰ ਬੈਂਕ ਵਿੱਚ ਜਾਣ ਦੀ ਜਰੂਰਤ ਨਹੀਂ ਹੁੰਦੀ। ਆਮ ਤੌਰ ਤੇ ਬੈਂਕਾਂ ਦੁਆਰਾ ਏ.ਟੀ.ਐਮ ਦੀ ਸੁਵਿਧਾ 24 ਘੰਟਿਆਂ ਲਈ ਦਿੱਤੀ ਜਾਂਦੀ ਹੈ। ਇਹ ਕਾਰਡ ਗ੍ਰਾਹਕ ਦੇ ਖਾਤੇ ਨਾਲ ਜੁੜੇ ਹੁੰਦੇ ਹਨ, ਜਿਸ ਕਾਰਨ ਗ੍ਰਾਹਕ ਇਸ ਕਾਰਡ ਦੀ ਮਦਦ ਨਾਲ ਕਈ ਤਰ੍ਹਾਂ ਦੀਆਂ ਸੇਵਾਵਾਂ ਜਿਵੇਂ ਖਾਤੇ ਦਾ ਬਕਾਇਆ ਚੈੱਕ ਕਰਨਾ, ਪੈਸੇ ਟਰਾਂਸਫਰ ਕਰਨਾ, ਪੈਸੇ ਕਢਵਾਉਣਾ, ਖਾਤੇ ਦੀ ਸਟੇਟਮੈਂਟ ਲੈਣੀ ਆਦਿ ਆਨਲਾਈਨ ਤਰੀਕੇ ਨਾਲ ਪ੍ਰਾਪਤ ਕਰ ਸਕਦਾ ਹੈ।

**ਪ੍ਰਸ਼ਨ: 16. ਨਿਰਣਾ ਲੈਣ ਤੋਂ ਕੀ ਭਾਵ ਹੈ ?**

**ਉੱਤਰ**: ਇਹ ਇੱਕ ਤੋ ਵੱਧ ਵਿਕਲਪਾਂ ਵਿੱਚੋਂ ਤਰਕ ਦੇ ਆਧਾਰ ਤੇ ਇੱਕ ਵਿਕਲਪ ਦੀ ਚੋਣ ਲਈ ਸੋਚ ਪ੍ਰਕਿਰਿਆ ਹੈ। ਇਸ ਕਿਰਿਆ ਵਿੱਚ ਕਈ ਵਿਕਲਪਾਂ ਵਿੱਚੋਂ ਸਭ ਤੋਂ ਵਧੀਆ ਵਿਕਲਪ ਦੀ ਚੋਣ ਕੀਤੀ ਜਾਂਦੀ ਹੈ। ਨਿਰਣਾ ਲੈਣਾ ਸਾਡੀ ਰੋਜ਼ਾਨਾ ਜਿੰਦਗੀ ਦਾ ਜਰੂਰੀ ਹਿੱਸਾ ਹੈ। ਇਸ ਕਿਰਿਆ ਵਿੱਚ ਕਿਸੇ ਇੱਕ ਵਿਕਲਪ ਦੀ ਚੋਣ ਕਰਨ ਤੋਂ ਪਹਿਲਾਂ ਮੌਜੂਦ ਸਾਰੇ ਵਿਕਲਪ ਦੇ ਧਨਾਤਮਕ ਅਤੇ ਰਿਣਾਤਮਕ ਪੱਖਾਂ ਬਾਰੇ ਸੰਪੂਰਨ ਜਾਣਕਾਰੀ ਪ੍ਰਾਪਤ ਕਰਕੇ, ਇਸ ਜਾਣਕਾਰੀ ਤੋਂ ਪ੍ਰਾਪਤ ਹੋਏ ਤੱਥਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਫਿਰ ਇਨ੍ਹਾਂ ਸਾਰੇ ਵਿਕਲਪਾਂ ਵਿੱਚੋਂ ਕਿਸੇ ਇੱਕ ਸਭ ਤੋਂ ਵਧੀਆ ਧਨਾਤਮਕ ਪੱਖ ਵਾਲਾ ਵਿਕਲਪ ਚੁਣ ਲਿਆ ਜਾਂਦਾ ਹੈ।

**ਪ੍ਰਸ਼ਨ: 17. ਸੇਵਾ ਉਦਯੋਗ ਤੋਂ ਕੀ ਭਾਵ ਹੈ ?**

**ਉੱਤਰ**: ਇਹ ਇਕ ਅਜਿਹੀ ਕਿਰਿਆ ਹੈ, ਜਿਸ ਵਿੱਚ ਨੌਕਰੀ ਲਈ ਅਪਲਾਈ ਕਰਤਾ ਉਮੀਦਵਾਰ ਭਾਵ ਇੰਟਰਵਿਊ ਦੇਣ ਵਾਲਾ (Interviewee) ਕੋਲੋਂ ਇੰਟਰਵਿਊ ਲੈਣ ਵਾਲਾ (Interviewer) ਦੁਆਰਾ ਆਹਮੋ ਸਾਹਮਣੇ ਬੈਠਕੇ ਅੰਤਰਕਿਰਿਆ ਦੇ ਦੌਰਾਨ ਭਾਂਤ-ਭਾਂਤ ਦੇ ਪ੍ਰਸ਼ਨ ਦੁਆਰਾ ਪੁੱਛੇ ਜਾਂਦੇ ਹਨ ਅਤੇ ਇਨ੍ਹਾਂ ਪ੍ਰਸ਼ਨਾਂ ਦੇ ਦਿੱਤੇ ਉੱਤਰਾਂ ਦੇ ਅਧਾਰ ਤੇ ਉਮੀਦਵਾਰ ਦੀ ਯੋਗਤਾ ਦਾ ਮੁਲਾਂਕਣ ਕੀਤਾ ਜਾਂਦਾ ਹੈ।

**ਪ੍ਰਸ਼ਨ: 18. ਨਿਰਮਾਣ ਉਦਯੋਗ ਬਾਰੇ ਸੰਖੇਪ ਨੋਟ ਲਿਖੋ ?**

**ਉੱਤਰ**: Manufacture ਸ਼ਬਦ ਦਾ ਭਾਵ ਹੈ ਪੈਦਾ ਕਰਨਾ ਜਾਂ ਬਣਾਉਣਾ। ਇਸ ਪ੍ਰਕਾਰ ਦੇ ਉਦਯੋਗਾਂ ਵਿੱਚ ਕੱਚੇ ਮਾਲ ਦੀ ਵਰਤੋਂ ਕਰ ਕੇ ਕਿਸੇ ਪ੍ਰੋਡਕਟ ਦੀ ਪੈਦਾਵਾਰ ਕੀਤੀ ਜਾਂਦੀ ਹੈ। ਇਨ੍ਹਾਂ ਉਦਯੋਗਾਂ ਵਿੱਚ ਜ਼ਿਆਦਾਤਰ ਮਸ਼ੀਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੀ ਉਦਾਹਰਨ ਕੱਪੜਾ ਤਿਆਰ ਕਰਨਾ, ਜੁੱਤੇ ਬਣਾਉਣੇ, ਕੰਪਿਊਟਰ ਦੇ ਹਿੱਸੇ ਬਣਾਉਣੇ, ਬਿਜਲੀ ਅਤੇ ਇਲੈਕਟ੍ਰਾਨਿਕਸ ਦਾ ਸਮਾਨ, ਮੋਬਾਈਲ

ਬਣਾਉਣੇ ਆਦਿ ਹਨ। ਇਸ ਕਿਸਮ ਦੇ ਉਦਯੋਗ ਜ਼ਿਆਦਾਤਰ ਵੱਡੇ ਆਰਥਿਕ ਪੱਧਰ ਤੇ ਕੰਮ ਕਰਦੇ ਹਨ।

**19. ਪ੍ਰੇਰਕ ਤੋਂ ਕੀ ਭਾਵ ਹੈ ?**

**ਉੱਤਰ**: ਕਿਸੇ ਵੀ ਕਰਮਚਾਰੀ ਨੂੰ ਉਸ ਦੀਆਂ ਸੇਵਾਵਾਂ ਦੇ ਬਦਲੇ ਉੱਦਮੀਂ ਦੁਆਰਾ ਜੋ ਪੈਸਾ ਪ੍ਰਾਪਤ ਹੁੰਦਾ ਹੈ, ਨੂੰ ਤਨਖ਼ਾਹ ਜਾਂ ਭੱਤਾ ਕਿਹਾ ਜਾਂਦਾ ਹੈ। ਪ੍ਰੰਤੂ ਕਰਮਚਾਰੀ ਨੂੰ ਕੰਮ ਪ੍ਰਤੀ ਵੱਧ ਪ੍ਰੇਰਿਤ ਕਰਕੇ ਜਿਆਦਾ ਕੰਮ ਲੈਣ ਲਈ ਉੱਦਮੀਂ ਨੂੰ ਤਨਖ਼ਾਹ ਤੋਂ ਇਲਾਵਾ ਕਈ ਕਿਸਮ ਦੇ ਭੱਤੇ ਕਰਮਚਾਰੀ ਨੂੰ ਦਿੰਦਾ ਹੈ, ਜੋ ਭੱਤੇ ਕਰਮਚਾਰੀ ਨੂੰ ਵੱਧ ਕੰਮ ਕਰਨ ਲਈ ਪ੍ਰੇਰਿਤ ਕਰਦੇ ਹਨ। ਇਨ੍ਹਾਂ ਨੂੰ ਪ੍ਰੇਰਕ ਕਿਹਾ ਜਾਂਦਾ  ਹੈ। ਇਨ੍ਹਾਂ ਦਾ ਪੰਜਾਬੀ ਅਨੁਵਾਦ ਪ੍ਰੇਰਕ ਹੁੰਦਾ ਹੈ। ਇਹ ਦਿੱਤੇ ਜਾਣ ਵਾਲਾ ਰਿਵਾਰਡ ਸਿਰਫ਼ ਪੈਸੇ ਦੇ ਰੂਪ ਵਿੱਚ ਹੀ ਨਹੀਂ ਬਲਕਿ ਗਿਫ਼ਟ, ਤਰੱਕੀ, ਪ੍ਰਸ਼ੰਸ਼ਾ ਆਦਿ ਦੇ ਰੂਪ ਵਿੱਚ ਵੀ ਹੋ ਸਕਦਾ ਹੈ।

**ਪ੍ਰਸ਼ਨ: 20. ਪ੍ਰੋਜੈਕਟ ਰਿਪੋਰਟ ਦੀ ਜਰੂਰਤ ਕਿਉਂ ਹੁੰਦੀ ਹੈ ?**

ਉੱਤਰ: 1) ਸਾਰੇ ਪ੍ਰੋਜੈਕਟ ਦੀ ਕ੍ਰਮਬੱਧ ਜਾਣਕਾਰੀ ਦਾ ਵਧੀਆ ਸ੍ਰੋਤ ਹੈ।

2) ਪ੍ਰੋਜੈਕਟ ਲਈ ਅਨੁਮਾਨਿਤ ਲਾਗਤ ਪਤਾ ਕਰਨ ਦਾ ਸਾਧਨ ਹੈ।

3) ਉੱਦਮੀ ਨੂੰ ਪ੍ਰੋਜੈਕਟ ਰਿਪੋਰਟ ਦੀ ਮੌਜੂਦਗੀ ਕਾਰਨ ਕਿਸੇ ਅੱਗੇ ਵਾਰ-ਵਾਰ ਆਪਣੇ ਪ੍ਰੋਜੈਕਟ ਦੀ ਵਿਆਖਿਆ ਨਹੀਂ ਕਰਨੀ ਪੈਂਦੀ।

4) ਇਸ ਵਿੱਚ ਕਿਸੇ ਪ੍ਰੋਜੈਕਟ ਦੇ ਭਵਿੱਖ ਵਿੱਚ ਹੋਣ ਵਾਲੀਆਂ ਕਿਰਿਆਵਾਂ ਦਾ ਵੀ ਪਤਾ ਲੱਗ ਜਾਂਦਾ ਹੈ।

5) ਕਿਸੇ ਲੋਨ ਲੈਣ ਸਮੇਂ ਬੈਂਕ ਜਾਂ ਹੋਰ ਵਿੱਤੀ ਸਹਾਇਕ ਸੰਸਥਾ ਦੇ ਅਧਿਕਾਰੀ ਆਸਾਨੀ ਨਾਲ ਸਾਰੇ ਪ੍ਰੋਜੈਕਟ ਦੀ ਜਾਣਕਾਰੀ ਹਾਸਿਲ ਕਰ ਲੈਂਦੇ ਹਨ।

**ਪ੍ਰਸ਼ਨ: 21. ਵਾਹਨ ਬੀਮੇ ਬਾਰੇ ਸੰਖੇਪ ਵਿੱਚ ਦੱਸੋ ?**

ਉੱਤਰ: ਇਸ ਪ੍ਰਕਾਰ ਦੇ ਬੀਮੇ ਵਿੱਚ ਕੰਪਨੀ ਦੇ ਕਰਮਚਾਰੀਆਂ ਦੁਆਰਾ ਜਾਂ ਕੰਪਨੀ ਵਿੱਚ ਹੋਰ ਕਾਰਜਾਂ ਲਈ ਵਰਤੇ ਜਾਣ ਵਾਲੇ ਵਹੀਕਲਾਂ ਦਾ ਬੀਮਾ ਸ਼ਾਮਿਲ ਹੁੰਦਾ ਹੈ। ਇਹ ਬੀਮਾ ਦੋ ਪ੍ਰਕਾਰ ਦਾ ਹੁੰਦਾ ਹੈ, ਪਹਿਲਾ Third Party Insurance- ਜਿਸ ਵਿੱਚ ਵਹੀਕਲ ਨਾਲ ਦੂਜੀ ਪਾਰਟੀ ਦੇ ਹੋਏ ਨੁਕਸਾਨ ਦੀ ਪੂਰਤੀ ਬੀਮਾ ਕੰਪਨੀ ਦੁਆਰਾ ਕੀਤੀ ਜਾਂਦੀ ਹੈ ਅਤੇ ਦੂਜਾ 'Comprehensive Policy' ਜਿਸ ਵਿੱਚ ਦੁਰਘਟਨਾ ਦੀ ਸਥਿਤੀ ਵਿੱਚ ਵਹੀਕਲ ਮਾਲਿਕ ਦੇ ਖੁਦ ਦੇ ਵਹੀਕਲ ਦੇ ਹੋਏ ਨੁਕਸਾਨ ਦੀ ਪੂਰਤੀ ਵੀ ਕੀਤੀ ਜਾਂਦੀ ਹੈ।